Neighbours, Friends & Families

Immigrant & Refugee Communities

# ਬਦਸਲੂਕੀ ਨੂੰ ਪਛਾਣਨਾ

## ਬਦਸਲੂਕੀ ਵਾਲੇ ਰਿਸ਼ਤਿਆਂ ਵਿਚਲੀਆਂ ਇਮੀਗ੍ਰੈਂਟ ਅਤੇ ਸ਼ਰਣਾਰਥੀ ਔਰਤਾਂ ਦੀ ਮਦਦ ਕਿਵੇਂ ਕਰੋ



**ਸਟੈਟਿਸਟਿਕਸ ਕਨੇਡਾ (2021) ਅਨੁਸਾਰ 15 ਸਾਲ ਤੋਂ ਵੱਧ ਉਮਰ ਦੀਆਂ 44% ਔਰਤਾਂ ਨੇ ਦੱਸਿਆ ਹੈ ਕਿ ਆਪਣੀ ਜ਼ਿੰਦਗੀ ਵਿੱਚ ਉਹਨਾਂ ਨੇ ਨਜ਼ਦੀਕੀ ਸਾਥੀ ਵਲੋਂ ਕੀਤੀ ਜਾਂਦੀ ਹਿੰਸਾ (IPV) ਦੇ ਕਿਸੇ ਨਾ ਕਿਸੇ ਤਰੀਕੇ ਦਾ ਅਨੁਭਵ ਕੀਤਾ ਹੈ।**



ਜਦੋਂ ਬਹੁਤੇ ਲੋਕ ਬਦਸਲੂਕੀ ਬਾਰੇ ਸੋਚਦੇ ਹਨ, ਤਾਂ ਉਹ ਇਸ ਨੂੰ ਸਿਰਫ਼ ਜਿਸਮਾਨੀ ਬਦਸਲੂਕੀ ਮੰਨਦੇ ਹਨ, ਕਿਉਂਕਿ ਇਸ ਨਾਲ ਸੱਟ-ਫੇਟ (ਨੀਲ ਪੈਣੇ) ਲੱਗ ਸਕਦੀ ਹੈ। ਪਰ ਦਿਲ ਦੁਖਾਉਣ ਲਈ ਬਦਸਲੂਕੀ ਕਰਕੇ ਨੀਲ ਪਾਉਣ ਦੀ ਲੋੜ ਨਹੀਂ ਪੈਂਦੀ। ਇਸ ਨਾਲ ਸਵੈ-ਭਰੋਸਾ ਖੇਰੂੰ-ਖੇਰੂੰ ਹੋ ਸਕਦਾ ਹੈ, ਔਰਤ ਦੀ ਸਿਹਤ ਅਤੇ ਭਲਾਈ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਇਸ ਨਾਲ ਉਹ ਆਪਣੇ ਆਪ ਨੂੰ ਅਲੱਗ-ਥਲੱਗ ਅਤੇ ਇਕੱਲਾ ਮਹਿਸੂਸ ਕਰਦੀ ਹੈ। ਬਦਸਲੂਕੀ ਵਿਹਾਰ 'ਤੇ ਕਾਬੂ ਪਾਉਣ ਦੀ ਇੱਕ ਬਣਤਰ ਹੈ। ਇਸਦਾ ਮਕਸਦ ਨਜ਼ਦੀਕੀ ਸਾਥੀ ਨੂੰ ਕਾਬੂ ਵਿੱਚ ਕਰਨਾ ਅਤੇ ਇਸ ਨੂੰ ਬਣਾਈ ਰੱਖਣਾ ਹੈ।

ਹੋਰਨਾਂ ਔਰਤਾਂ ਵਾਂਗ ਇਮੀਗ੍ਰਾਂਟ  ਅਤੇ ਸ਼ਰਨਾਰਥੀ ਔਰਤਾਂ ਨੂੰ ਵੀ ਨਜ਼ਦੀਕੀ ਸਾਥੀ ਵਲੋਂ ਕੀਤੀ ਜਾਂਦੀ ਹਿੰਸਾਂ ਦੇ ਉਹੋ ਜਿਹੇ ਕਈ ਤਰੀਕਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਉਹਨਾਂ ਨਾਲ ਕੁਝ ਹੋਰ ਕਮਜ਼ੋਰੀਆਂ ਜੁੜੀਆਂ ਹੁੰਦੀਆਂ ਹਨ, ਕਿਉਂਕਿ ਹੋ ਸਕਦਾ ਹੈ, ਉਹਨਾਂ ਨੂੰ ਅੰਗ੍ਰੇਜ਼ੀ ਜਾਂ ਫ੍ਰੈਂਚ ਨਾ ਆਉਂਦੀ ਹੋਵੇ, ਇਹ ਨਹੀਂ ਪਤਾ ਹੋ ਸਕਦਾ ਕਿ ਮਦਦ ਲਈ ਕਿੱਥੇ ਜਾਣਾ ਹੈ ਅਤੇ ਹੋ ਸਕਦਾ ਹੈ, ਮਦਦ ਲਈ ਦੋਸਤ ਅਤੇ ਪਰਿਵਾਰ ਨਾ ਹੋਵੇ। ਉਹਨਾਂ ਨੂੰ ਦੇਸ਼ ਵਿੱਚੋਂ ਕੱਢੇ ਜਾਣ ਦਾ ਡਰ ਵੀ ਹੋ ਸਕਦਾ ਹੈ।

ਕਈ ਵਾਰੀ ਰਿਸ਼ਤਾ ਮਜ਼ਬੂਤ ਲੱਗ ਸਕਦਾ ਹੈ, ਕਿਉਂਕਿ ਸਾਨੂੰ ਪਤਾ ਨਹੀਂ ਹੁੰਦਾ ਕਿ ਕੀ ਵੇਖਣਾ ਹੈ। ਕਈ ਵਾਰੀ ਬਦਸਲੂਕੀ ਨੂੰ ਸਭਿਆਚਾਰ ਅਤੇ ਸਮਾਜ ਕਰਕੇ ਇੱਕ ਆਮ ਗੱਲ ਮੰਨਿਆ ਜਾਂਦਾ ਹੈ, ਇਸ ਕਰਕੇ ਔਰਤ ਨੂੰ ਅਹਿਸਾਸ ਹੀ ਨਹੀਂ ਹੋ ਸਕਦਾ ਕਿ ਉਹ ਬਦਸਲੂਕੀ ਜਾਂ ਹਿੰਸਾ ਵਾਲੇ ਹਾਲਾਤ ਵਿੱਚ ਹੈ। ਉਦਾਹਰਣ ਲਈ, ਕਈ ਸਭਿਆਚਾਰਾਂ ਵਿੱਚ ਜਦੋਂ ਵੀ ਉਸਦਾ ਪਤੀ ਚਾਹੇ, ਉਸ ਨਾਲ ਜਿਨਸੀ ਸਬੰਧ ਬਣਾਉਣਾ ਔਰਤ ਦਾ ਫ਼ਰਜ਼ ਹੈ, ਭਾਵੇਂ ਉਸਦੀ ਇੱਛਾ ਹੈ ਜਾਂ ਨਹੀਂ।

COSTI

ਇੱਥੇ ਕੁਝ ਸੰਕੇਤ ਦਿੱਤੇ ਗਏ ਹਨ ਕਿ ਜਦੋਂ ਤੁਸੀਂ ਇਹਨਾਂ ਵਤੀਰਿਆਂ 'ਤੇ ਨਜ਼ਰ ਰੱਖਦੇ ਹੋ, ਤਾਂ ਤੁਹਾਨੂੰ ਇਹ ਪਤਾ ਲਾਉਣ ਵਿੱਚ ਮਦਦ ਮਿਲੇਗੀ ਕਿ ਤੁਹਾਡਾ ਗੁਆਂਢੀ, ਦੋਸਤ ਜਾਂ ਪਰਿਵਾਰ ਦਾ ਮੈਂਬਰ ਕਿਸੇ ਬਦਸਲੂਕੀ ਵਾਲੀ ਹਾਲਤ ਵਿੱਚ ਹੈ।



ਲਾਪਰਵਾਹੀ ਹੁੰਦੀ ਹੈ, ਜਦੋਂ ਕਿਸੇ ਦੀ ਜ਼ੁੰਮੇਵਾਰੀ ਹੁੰਦੀ ਹੈ ਕਿ ਉਹ ਇੱਕ ਸ਼ਖ਼ਸ ਦੀ ਦੇਖਭਾਲ ਕਰਨ ਜਾਂ ਮਦਦ ਮੁਹੱਈਆ ਕਰਾਉਣ, ਪਰ ਉਹ ਇੰਜ ਨਹੀਂ ਕਰਦਾ। ਇਸ ਵਿੱਚ ਵਾੱਕਰਾਂ ਜਾਂ ਅਸਥਮੇ ਦੇ ਇਨਹੇਲਰਾਂ ਵਰਗੀ ਸਹਿਤ ਸਬੰਧੀ ਮਦਦ ਅਤੇ ਮੈਡੀਕਲ ਸੰਭਾਲ ਤੱਕ ਪਹੁੰਚ ਨੂੰ ਸੀਮਤ ਕਰਨਾ, ਦੇਰ ਕਰਨੀ ਜਾਂ ਮਨ੍ਹਾ ਕਰਨਾ, ਭੋਜਨ ਅਤੇ ਔਰਤਾਂ ਦੀ ਨਿਜੀ ਸਾਫ਼-ਸਫ਼ਾਈ ਦੀਆਂ ਸਪਲਾਈਆਂ ਅਤੇ ਗਰਭਵਤੀ ਔਰਤ ਦੇ ਬੱਚਾ ਪੈਦਾ ਹੋਣ ਤੋਂ ਪਹਿਲਾਂ ਦੀ ਮਦਦ ਤੱਕ ਉਸਦੀ ਪਹੁੰਚ 'ਤੇ ਕੰਟਰੋਲ ਕਰਨਾ, ਹੋ ਸਕਦਾ ਹੈ।



ਜ਼ਬਾਨੀ ਬਦਸਲੂਕੀ ਹੁੰਦੀ ਹੈ, ਜਦੋਂ ਇੱਕ ਸ਼ਖ਼ਸ ਨੂੰ ਨੁਕਸਾਨ ਪਹੁੰਚਾਉਣ ਲਈ ਕੋਈ ਵਿਅਕਤੀ ਭਾਸ਼ਾ ਦੀ ਵਰਤੋਂ ਕਰਦਾ ਹੈ, ਭਾਵੇਂ ਬੋਲਕੇ ਜਾਂ ਲਿਖਕੇ। ਇਸ ਵਿੱਚ ਚੀਕਣਾ, ਕੋਸਣਾ, ਗਾਲ਼ਾਂ ਕੱਢਣੀਆਂ, ਜਦੋਂ ਉਹ ਗੱਲ ਕਰਦੀ ਹੈ, ਤਾਂ ਉਸ ਨੂੰ ਬੋਲਣ ਨਾ ਦੇਣਾ, ਉਸ ਨੂੰ ਅੰਗ੍ਰੇਜ਼ੀ ਜਾਂ ਫ੍ਰੈਂਚ ਨਾ ਸਿੱਖਣ ਦੇਣਾ, ਉਸ ਨੂੰ ਦੇਸ਼ ਵਿੱਚੋਂ ਕਢਾਉਣ ਲਈ ਡਰਾਉਣਾ-ਧਮਕਾਉਣਾ, ਉਸਦੇ ਪਰਿਵਾਰ ਦੀ ਬੇਇੱਜ਼ਤੀ ਕਰਨੀ ਜਾਂ ਦਹਿਸ਼ਤਗਰਦੀ ਲਈ ਪੁਲਿਸ ਨੂੰ ਰਿਪੋਰਟ ਕਰਕੇ ਉਹਨਾਂ ਨੂੰ ਨੁਕਸਾਨ ਪਹੁੰਚਾਉਣ ਲਈ ਕੇਸ ਕਰਨ ਲਈ ਧਮਕਾਉਣਾ ਸ਼ਾਮਿਲ ਹੁੰਦਾ ਹੈ। ਕਈ ਵਾਰੀ ਬੋਲਣ ਦੀ ਵੀ ਲੋੜ ਨਹੀਂ ਪੈਂਦੀ। ਬਦਸਲੂਕੀ ਦੀਆਂ ਸ਼ਿਕਾਰ ਕਈ ਔਰਤਾਂ "ਵੇਖਣ" ਦੇ ਤਰੀਕੇ ਤੋਂ ਹੀ ਉਸਦੇ ਚਿਹਰੇ ਦੇ ਹਾਵ-ਭਾਵ ਤੋਂ ਪਛਾਣ ਜਾਂਦੀਆਂ ਹਨ ਕਿ ਕਿਸੇ ਕਿਸਮ ਦੀ ਪਰੇਸ਼ਾਨੀ ਹੋਣ ਵਾਲੀ ਹੈ।



ਮਾਨਸਿਕ ਅਤੇ ਜਜ਼ਬਾਤੀ ਬਦਸਲੂਕੀ ਹੁੰਦੀ ਹੈ, ਜਦੋਂ ਕੋਈ ਵਿਅਕਤੀ ਕਿਸੇ ਸ਼ਖ਼ਸ ਨੂੰ ਕਸੂਰਵਾਰ ਜਾਂ ਨਿਕੰਮਾ ਹੋਣ ਜਾਂ ਕਿ ਉਸਦਾ ਮਾਨਸਿਕ ਸੰਤੁਲਨ ਵਿਗੜ ਰਿਹਾ ਹੈ, ਦਾ ਅਹਿਸਾਸ ਕਰਾਉਣ ਲਈ ਕੁਝ ਕਹਿੰਦਾ ਹੈ ਜਾਂ ਕਰਦਾ ਹੈ। ਉਦਾਹਰਣ ਲਈ, ਲੋਕਾਂ ਵਿੱਚ ਉਸ ਨੂੰ ਪਰੇਸ਼ਾਨ ਕਰਨਾ, ਉਸ ਨਾਲ ਇਸ ਤਰ੍ਹਾਂ ਗੱਲ ਕਰਨੀ, ਜਿਵੇਂ ਉਹ ਬੱਚੀ ਹੋਵੇ, ਉਸਦੀ ਰਾਇ ਨੂੰ ਅਹਮੀਅਤ ਨਾ ਦੇਣੀ, ਧਮਕੀਆਂ ਦੇਣੀਆਂ, ਈਰਖਾਲੂ ਅਤੇ ਕਬਜ਼ੇ ਹੇਠ ਰੱਖਣ ਵਾਲਾ ਹੋਣਾ, ਕਿਸੇ ਹੋਰ ਵਿਅਕਤੀ ਨਾਲ ਸਿਰਫ਼ ਗੱਲ ਕਰਨ 'ਤੇ ਉਸ 'ਤੇ ਬੇਵਫ਼ਾਈ ਕਰਨ ਦਾ ਇਲਜ਼ਾਮ ਲਾਉਣਾ।




ਮਾਲੀ ਬਦਸਲੂਕੀ ਹੁੰਦੀ ਹੈ, ਜਦੋਂ ਕੋਈ ਵਿਅਕਤੀ, ਇੱਕ ਸ਼ਖ਼ਸ ਦੀ ਸਹਿਮਤੀ ਤੋਂ ਬਿਨਾ ਉਸਦੇ ਮਾਲੀ ਸ੍ਰੋਤਾਂ 'ਤੇ ਕੰਟਰੋਲ ਕਰਦਾ ਹੈ ਜਾਂ ਉਹਨਾਂ ਸ੍ਰੋਤਾਂ ਦੀ ਦੁਰਵਰਤੋਂ ਕਰਦਾ ਹੈ। ਇਸ ਵਿੱਚ ਉਸਨੂੰ ਖ਼ਰਚਣ ਲਈ ਪੈਸੇ ਨਾ ਦੇਣਾ, ਉਸ ਵਲੋਂ ਖ਼ਰਚੇ ਗਏ ਇੱਕ-ਇੱਕ ਪੈਸੇ ਦਾ ਹਿਸਾਬ ਲੈਣਾ, ਉਸ ਨੂੰ ਕੰਮ ਕਰਨ ਜਾਂ ਪੜ੍ਹਣ ਦੀ ਇਜਾਜ਼ਤ ਨਾ ਦੇਣਾ, ਤਾਂ ਜੋ ਉਹ ਖ਼ੁਦਮੁਖ਼ਤਾਰ ਨਾ ਹੋ ਸਕੇ, ਸ਼ਾਮਿਲ ਹੁੰਦਾ ਹੈ।



ਰੂਹਾਨੀ ਬਦਸਲੂਕੀ ਹੁੰਦੀ ਹੈ, ਜਦੋਂ ਕੋਈ ਵਿਅਕਤੀ ਕਿਸੇ ਸ਼ਖ਼ਸ ਨਾਲ ਚਾਲਬਾਜ਼ੀ ਕਰਨ, ਹਾਵੀ ਹੋਣ ਜਾਂ ਕੰਟਰੋਲ ਕਰਨ ਲਈ ਰੂਹਾਨੀ ਵਿਸ਼ਵਾਸਾਂ ਦੀ ਵਰਤੋਂ ਕਰਦਾ ਹੈ, ਜਿਵੇਂ ਉਸ ਨੂੰ ਰੂਹਾਨੀ ਰੀਤਾਂ ਵਿੱਚ ਹਿੱਸਾ ਲੈਣ 'ਤੇ ਉਸਦੇ ਵਿਸ਼ਵਾਸਾਂ ਦਾ ਮਜ਼ਾਕ ਉਡਾਉਣਾ ਜਾਂ ਉਸ ਨੂੰ ਰੋਕਣਾ।

COSTI



ਸਾਥੀ ਨੂੰ ਧੌਂਸ ਵਖਿਾਉਣ, ਤੰਗ-ਪਰੇਸ਼ਾਨ ਕਰਨ, ਪਿੱਛਾ ਕਰਨ ਜਾਂ ਡਰਾਉਣ-ਧਮਕਾਉਣ ਲਈ ਤਕਨਾਲੌਜੀ ਦੀ ਵਰਤੋਂ ਕਰਨਾ ਡਜਿੀਟਲ ਬਦਸਲੂਕੀ ਹੈ। ਉਦਾਹਰਣ ਲਈ, ਔਰਤ ਦੇ ਸੁਨੇਹਆਿਂ, ਈਮੇਲਾਂ ਤੱਕ ਪਹੁੰਚ ਚਾਹੁਣਾ, ਉਸਦੇ ਫੋਨ 'ਤੇ ਸਪਾਈਵੇਅਰ ਲਾਉਣਾ। ਇਮੀਗ੍ਰਾਂਟ ਔਰਤਾਂ ਲਈ, ਉਹ ਉਹਨਾਂ ਨੂੰ ਉਹਨਾਂ ਦੇ ਮੂਲ ਦੇਸ਼ ਵਚਿਲੇ ਪਰਵਿਾਰ ਅਤੇ ਦੋਸਤਾਂ ਨਾਲ ਸੰਪਰਕ ਕਰਨ ਤੋਂ ਵੀ ਰੋਕ ਸਕਦਾ ਹੈ, ਇਸ ਤਰੀਕੇ ਨਾਲ ਉਸ ਨੂੰ ਅਲੱਗ-ਥਲੱਗ ਕਰ ਸਕਦਾ ਹੈ।



ਜਸਿਮਾਨੀ ਹਸਿੰਾ ਹੁੰਦੀ ਹੈ, ਜਦੋਂ ਕੋਈ ਵਅਿਕਤੀ ਇੱਕ ਸ਼ਖ਼ਸ ਦੀਆਂ ਕਾਰਵਾਈਆਂ 'ਤੇ ਕਾਬੂ ਕਰਨ ਲਈ ਆਪਣੇ ਸਰੀਰ ਦੇ ਹਸਿੱੇ ਜਾਂ ਇੱਕ ਵਸਤੂ ਦੀ ਵਰਤੋਂ ਕਰਦਾ ਹੈ। ਇਹ ਡਰਾਉਣ-ਧਮਕਾਉਣ ਤੋਂ ਲੈਕੇ ਬੂਹੇ ਵਚਿੱ ਖੜ੍ਹੇ ਹੋਣ ਅਤੇ  ਚੀਜ਼ਾਂ ਤੋੜਣ, ਕੰਧਾਂ ਜਾਂ ਦਰਵਾਜ਼ਆਿਂ 'ਤੇ ਮੁੱਕੇ ਮਾਰਣ, ਲਾਪਰਵਾਹੀ ਨਾਲ ਗੱਡੀ ਚਲਾਉਣ ਤੋਂ ਲੈਕੇ ਠੁੱਡੇ ਮਾਰਨ, ਮੁੱਕਾ ਮਾਰਨ, ਚੱਕ ਮਾਰਨ, ਥੱਪੜ ਮਾਰਨ, ਗਲ਼ਾ ਘੁੱਟਣ, ਜਲਾਉਣ, ਵਾਲ ਖਚਿੱਣ, ਕਪੜੇ/ਰੱਸੀ ਨਾਲ ਘੁੱਟਣ, ਕਤਲ ਕਰਨ ਲਈ ਛੁਰਾ ਮਾਰਣਾ ਤੱਕ ਹੋ ਸਕਦਾ ਹੈ।



ਜਨਿਸੀ ਹਸਿੰਾ ਹੁੰਦੀ ਹੈ, ਜਦੋਂ ਇੱਕ ਵਅਿਕਤੀ ਨੂੰ ਉਸਦੀ ਮਰਜ਼ੀ ਤੋਂ ਬਨਿਾ ਜਨਿਸੀ ਸਰਗਰਮੀ ਵਚਿੱ ਹਸਿੱਾ ਲੈਣ ਲਈ ਮਜਬੂਰ ਕੀਤਾ ਜਾਂਦਾ ਹੈ। ਇਸ ਵਚਿੱ ਅਣਚਾਹੀ ਜਨਿਸੀ ਛੋਹ, ਜਨਿਸੀ ਸੰਪਰਕ ਬਣਾਉਣ ਲਈ ਦਬਾਅ ਪਾਉਣਾ, ਔਰਤ ਨੂੰ ਅਸੁਰੱਖਅਿਤ ਜਨਿਸੀ ਸੰਪਰਕ ਬਣਾਉਣ ਲਈ ਮਜਬੂਰ ਕਰਨਾ, ਗਰਭਵਤੀ ਹੋਣ ਲਈ ਮਜਬੂਰ ਕਰਨ ਤੋਂ ਲੈਕੇ ਗਰਭ ਡੇਗਣਾ ਤੱਕ ਸ਼ਾਮਲਿ ਹੋ ਸਕਦਾ ਹੈ। "ਵਆਿਹੁਤਾ ਬਲਾਤਕਾਰ" ਦੀ ਵਰਤੋਂ, ਇੱਕ ਔਰਤ ਨੂੰ ਉਸਦੇ ਪਤੀ ਵਲੋਂ ਜਨਿਸੀ ਸਬੰਧ ਬਣਾਉਣ ਲਈ ਮਜਬੂਰ ਕਰਨ ਲਈ ਕੀਤੀ ਜਾਂਦੀ ਹੈ। ਕਈ ਇਮੀਗ੍ਰੈਂਟ ਅਤੇ ਸ਼ਰਣਾਰਥੀ ਭਾਈਚਾਰਆਿਂ ਵਚਿੱ, ਕੁੜੀਆਂ ਨੂੰ ਉਹਨਾਂ ਦੇ ਦਮਿਾਗ਼ ਵਚਿੱ ਇਹ ਗੱਲ ਪਾਕੇ ਪਾਲਆਿ ਜਾਂਦਾ ਹੈ ਕ ਿਸਭਆਿਚਾਰਕ ਅਤੇ ਧਾਰਮਕਿ ਤੌਰ 'ਤੇ ਉਹਨਾਂ ਤੋਂ ਉਮੀਦ ਕੀਤੀ ਜਾਂਦੀ ਹੈ ਕ ਿਉਹ ਆਪਣੇ ਪਤੀ ਦੀਆਂ ਖੁਆਹਸ਼ਿਾਂ ਨੂੰ ਸਰਿ-ਮੱਥੇ ਰੱਖਣ।

ਬਦਸਲੂਕੀ ਦੀ ਕਸਿਮ ਹਮੇਸ਼ਾ ਅਸਾਨੀ ਨਾਲ ਨਹੀਂ ਪਛਾਣੀ ਜਾਂਦੀ, ਕਉਿਂਕ ਿਉਹਨਾਂ ਵਚਿੋਂ ਕੁਝ ਇੱਕ ਦੂਜੇ ਨਾਲ ਜੁੜੀਆਂ ਹੁੰਦੀਆਂ ਹਨ। ਉਦਾਹਰਣ ਲਈ, ਕਸਿੇ ਦੀ ਬੇਇੱਜ਼ਤੀ ਕਰਨਾ ਜ਼ਬਾਨੀ ਬਦਸਲੂਕੀ ਹੋ ਸਕਦੀ ਹੈ, ਕਉਿਂਕ ਿਬਦਸਲੂਕੀ ਕਰਨ ਵਾਲਾ ਪੀੜ ਪਹੁੰਚਾਉਣ ਵਾਲੇ ਸ਼ਬਦ ਬੋਲਦਾ ਹੈ, ਪਰ ਇਹ ਜਜ਼ਬਾਤੀ ਬਦਸਲੂਕੀ ਵੀ ਹੁੰਦੀ ਹੈ, ਕਉਿਂਕ ਿਇਹ ਗੱਲ ਪੀੜਤ ਨੂੰ ਨਕਿੰਮਾ ਹੋਣ ਦਾ ਅਹਸਿਾਸ ਕਰਾ ਸਕਦੀ ਹੈ। ਦੂਜੀ ਉਦਾਹਰਣ ਵਚਿੱ, ਕਰਜ਼ੇ ਦੇ ਦਸਤਾਵੇਜ਼ਾਂ 'ਤੇ ਉਸ ਵਲੋਂ ਦਸਤਖ਼ਤ ਕੀਤੇ ਜਾਣ ਤੱਕ ਉਸ ਨੂੰ ਹਥਆਿਰ ਨਾਲ ਡਰਾਉਣਾ ਸਰੀਰਕ ਅਤੇ ਮਾਲੀ ਬਦਸਲੂਕੀ ਦਾ ਮਲਿਆਿ-ਜੁਲਆਿ ਰੂਪ ਹੈ।

ਬਦਸਲੂਕੀ ਜਾਂ ਹਸਿੰਾ ਦੀਆਂ ਸ਼ਕਿਾਰ ਸਾਰੀਆਂ ਔਰਤਾਂ, ਮਾਰੇ ਜਾਣ ਦੇ ਸਭ ਤੋਂ ਵੱਧ ਜੋਖਮ 'ਤੇ ਹੁੰਦੀਆਂ ਹਨ। ਪੁਲਸਿ ਦੇ ਡਾਟਾ ਨੇ ਲਗਾਤਾਰ ਦਰਸਾਇਆ ਹੈ ਕ ਿਕਨੇਡਾ ਵਚਿੱ ਕਤਲ ਦੀਆਂ ਸ਼ਕਿਾਰ ਔਰਤਾਂ ਨੂੰ ਪਤੀ, ਪ੍ਰੇਮੀ ਜਾਂ ਨਜ਼ਦੀਕੀ ਸਾਥੀ ਵਲੋਂ ਮਾਰੇ ਜਾਣ ਦੀ ਵੱਧ ਸੰਭਾਵਨਾ ਹੁੰਦੀ ਹੈ।



COSTI

## 73% ਮਾਮਲਿਆਂ ਵਿੱਚ, ਉੱਚ ਜੋਖਮ ਦੇ ਕਾਰਕ ਸ਼ਾਮਲਿ ਹੁੰਦੇ ਹਨ, ਜੋ ਮੌਤ ਦੇ ਖ਼ਤਰੇ ਨੂੰ ਵਧਾਉਂਦੇ ਹਨ। ਨਜ਼ਦੀਕੀ ਸਾਥੀ ਦੀ ਹਸਿਾ ਕਰਕੇ ਮੌਤ ਦੇ ਮੁੱਖ ਪੰਜ ਉੱਚ ਜੋਖਮ ਦੇ ਕਾਰਕਾਂ ਵਿੱਚ ਸ਼ਾਮਲਿ ਹਨ:

1. ਪੁਲਸਿ ਨੂੰ ਬਦਸਲੂਕੀ ਕਰਨ ਵਾਲੇ ਵਲੋਂ ਔਰਤ ਨੂੰ ਨੁਕਸਾਨ ਪਹੁੰਚਾਉਣ ਬਾਰੇ ਪਹਲਿਾਂ ਤੋਂ ਹੀ ਪਤਾ ਹੁੰਦਾ ਹੈ।
2. ਬਦਸਲੂਕੀ ਕਰਨ ਵਾਲੇ ਨੇ ਔਰਤ ਜਾਂ ਹੋਰਨਾਂ ਵਰਿੁੱਧ ਪਸਿਤੌਲ, ਚਾਕੂ ਜਾਂ ਹੋਰ ਹਥਆਿਾਰਾਂ ਦੀ ਵਰਤੋਂ ਕੀਤੀ ਹੈ ਜਾਂ ਵਰਤੋਂ ਕਰਨ ਲਈ ਡਰਾਇਆ-ਧਮਕਾਇਆ ਹੈ।
3. ਬਦਸਲੂਕੀ ਕਰਨ ਵਾਲੇ ਨੇ ਔਰਤ ਦਾ ਕੱਪੜੇ /ਰੱਸੀ ਨਾਲ ਗਲ਼ਾ ਘੁੱਟਣ
4. ਜਾਂ ਸੰਘ ਘੁੱਟਣ ਦੀ ਕੋਸ਼ਸਿ਼ ਕੀਤੀ ਹੈ।ਬਦਸਲੂਕੀ ਕਰਨ ਵਾਲਾ ਹਸਿੰਕ ਜਾਂ ਲਗਾਤਾਰ ਈਰਖਾਲੂ ਰਹਿਾ ਹੈ।
5. ਔਰਤ ਨੇ ਛੱਡਣ ਦੀ ਧਮਕੀ ਦੱਤਿੀ ਹੈ ਜਾਂ ਛੱਡਣ ਦੀ ਵਉਿੰਤ ਬਣਾਈ ਹੈ।

## ਬਦਸਲੂਕੀ ਹੁੰਦਆਿਂ ਵੇਖੋ, ਤਾਂ ਨਜ਼ਰਅੰਦਾਜ਼ ਨਾ ਕਰੋ। ਇਸ ਬਾਰੇ ਕੁਝ ਕਰੋ। ਇਸ ਨਾਲ ਔਰਤ ਨੂੰ ਗੰਭੀਰ ਤੌਰ 'ਤੇ ਜ਼ਖ਼ਮੀ ਹੋਣ ਜਾਂ ਕਤਲ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਤੁਸੀਂ ਜੋ ਕੁਝ ਵੇਖਆਿ ਹੈ, ਬਾਰੇ ਔਰਤ ਨਾਲ ਗੱਲ ਕਰੋ ਅਤੇ ਭਰੋਸਾ ਦੁਆਓ ਕ ਤੁਸੀਂ ਫ਼ਕਿਰਮੰਦ ਹੋ। ਉਸ ਨੂੰ ਦੱਸੋ ਕ ਉਿਹ ਉਹ ਗ਼ਲਤ ਨਹੀਂ ਹੈ।

ਜੇ ਉਹ ਆਪਣੇ ਸਾਥੀ ਨੂੰ ਛੱਡਣ ਦੀ ਵਉਿੰਤ ਬਣਾ ਰਹੀ ਹੈ, ਤਾਂ ਉਸ ਨੂੰ ਪ੍ਰੇਰੋ ਕ ਉਿਸਦਾ ਸਾਹਮਣਾ ਨਾ ਕਰੇ। ਉਸਦੀ ਰਾਖੀ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ।

ਜੇ ਉਹ ਬਦਸਲੂਕੀ ਨੂੰ ਖ਼ਾਰਜ ਕਰਦੀ ਹੈ ਜਾਂ ਰਸਿ਼ਤੇ ਨੂੰ ਬਣਾਈ ਰੱਖਣ ਦਾ ਫ਼ੈਸਲਾ ਕਰਦੀ ਹੈ, ਤਾਂ ਗੁੱਸਾ ਨਾ ਕਰੋ ਜਾਂ ਨਰਿਾਸ ਨਾ ਹੋਵੋ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕ ਉਿਹ ਡਰੀ ਹੋਈ ਹੋ ਸਕਦੀ ਹੈ ਜਾਂ ਅਗਲੀ ਕਾਰਵਾਈ ਕਰਨ ਲਈ ਤਆਿਰ ਨਹੀਂ ਹੈ।

ਜਾਣੋ ਕ ਤਿੁਸੀਂ ਜਾਂ ਉਹ ਹਮਲੇ ਦੀਆਂ ਸ਼ਕਿਾਰ ਔਰਤਾਂ ਦੀ ਹੈਲਪਲਾਈਨ (Assaulted Women's Helpline) ਟੋਲ-ਫ਼੍ਰੀ: 1-866-863-0511 'ਤੇ ਕਾਲ ਕਰ ਸਕਦੀ ਹੈ। ਦਨਿ ਵਿੱਚ 24 ਘੰਟੇ, ਹਫ਼ਤੇ ਵਿੱਚ 7 ਦਨਿ ਕਾਲਾਂ ਦੇ ਜਵਾਬ ਦੱਤਿੇ ਜਾਂਦੇ ਹਨ ਅਤੇ 150 ਤੋਂ ਵੱਧ ਭਾਸ਼ਾਵਾਂ ਵਿੱਚ ਜਾਣਕਾਰੀ ਦੱਤਿੀ ਜਾਂਦੀ ਹੈ।

ਆਪਣੇ ਆਪ ਨੂੰ ਸੁਰੱਖਅਿਤ ਰੱਖੋ। ਹਮਲੇ ਵਿੱਚ ਵਚਿ-ਵਚਿਾਅ ਨਾ ਕਰੋ। ਇਸਦੀ ਥਾਂ ਪੁਲਸਿ ਨੂੰ ਬੁਲਾਓ।

**ਔਰਤਾਂ ਨਾਲ ਹੋਣ ਵਾਲੀ ਬਦਸਲੂਕੀ ਖ਼ਤਮ ਕਰਨ ਵਿੱਚ ਸਾਰਆਿਂ ਦੀ ਭੂਮਕਿਾ ਹੁੰਦੀ ਹੈ।**

ਬਦਸਲੂਕੀ ਵਾਲੀਆਂ ਸਥਤੀਆਂ ਵਿੱਚ ਰਹਿ ਰਹੀਆਂ ਇਮੀਗ੍ਰਾਂਟ ਜਾਂ ਸ਼ਰਨਾਰਥੀ ਔਰਤਾਂ ਦੀ ਮਦਦ ਕਰਨ ਲਈ ਹੋਰ ਜਾਣਕਾਰੀ ਅਤੇ ਸ੍ਰੋਤਾਂ ਲਈ **www.immigrantandrefugeenff.ca** 'ਤੇ ਜਾਓ।

**COSTI Immigrant Services** would like to thank Abrigo Centre, Afghan Women's Organization, Community Family Services of Ontario, COSTI Family and Mental Health Services, For You Telecare Services, Kababayan Multicultural Centre, Settlement Assistance & Family Support Services, and TESOC Multicultural Settlement Services.

**This project is funded by the Government of Ontario.** | Ontario

COSTI